# ਅਣਗੌਲ਼ਿਆ ਗ਼ਦਰੀ ਸ਼ਹੀਦ ਵਰਿਆਮ ਸਿੰਘ ਉਰਫ਼ ਅਮਲੀ

ਮਲਵਿੰਦਰ ਜੀਤ ਸਿੰਘ ਵੜੈਚ

**ਤੱਤਸਾਰ** — (1) ਪਚੀ ਸਾਲ ਦੀ ਉਮਰੇ ਇਤਫ਼ਾਕਨ ਸ਼ਘਾਈ ਪਰਵਾਸ (2) ਚਾਰ-ਪੰਜ ਸਾਲ ਪਿਛੋਂ ਕੈਨੇਡਾ-ਅਮਰੀਕਾ ਤੋਂ ਮੁੜਦੇ ਗਦਰੀਆਂ ਤੇ ਕੋਮਾਗਾਟਾ ਮਾਰੂ ਯਾਤਰੀਆਂ ਨਾਲ ਸੰਪਰਕ ਉਪਰਾਂਤ ਸਤੰਬਰ 1914 'ਚ ਸਿਰਮੌਰ ਗ਼ਦਰੀ ਆਗੂ ਨਿਧਾਨ ਸਿੰਘ ਦੇ ਹਮਰਾਹ ਦੇਸ਼ ਵਾਪਸੀ (3) ਗ਼ਦਰੀ ਸਰਗਰਮੀਆਂ 'ਚ ਭਰਪੂਰ ਸ਼ਮੂਲੀਅਤ (4) 3 ਫਰਵਰੀ 1915 ਨੂੰ ਅੰਮ੍ਰਿਤਸਰ ਲਾਗੇ ਪਿੰਡ ਚੱਬੇ 'ਚ ਡਾਕੇ ਦੌਰਾਨ ਅਪਣਿਆਂ ਹੱਥੋਂ ਕਤਲ ਮਗਰੋਂ ਉਹਦੀ ਮਿਰਤਕ ਦੇਹ ਦੀ ਫੋਟੋ ਮਾਤਾ ਨੂੰ ਦਿਖਾਕੇ ਸ਼ਨਾਖ਼ਤ।

## (1) ਪਰਵਾਸ

ਪਟਿਆਲਾ ਰਿਆਸਤ ਦੇ ਘੁਗ ਵਸਦ ਪਿੰਡ ਦੀਰਾਜ ਵਿੱਚ ਸਿੱਖ ਜੱਟ ਪਰਿਵਾਰ ਦਿਆਲ ਸਿੰਘ ਤੇ ਇੰਦਾ ਦੀ ਇਕਲੌਤੀ ਔਲਾਦ ਵਰਿਆਮ ਜੋ ਪਿਤਾ ਦੇ ਗੁਜਰ ਜਾਣ ਮਗਰੋਂ ਵਾਹੀ-ਜੋਤੀ ਕਰਦਿਆਂ-ਕਰਦਿਆਂ ਅਕਿਆ ਪਇਆ ਸੀ, ਉਦੋਂ ਚੰਗੇ ਭਾਗੀ ਉਹਦਾ ਮੇਲ 1907 ਤੋਂ ਸ਼ਘਾਈ ਰਹਿ ਰਹੇ ਜਵਾਲਾ ਸਿੰਘ (ਵਾਸੀ ਗੁਰੂਸਰ, ਜ਼ਿਲ੍ਹਾ ਫਿਰੋਜ਼ਪੁਰ) ਨਾਲ ਹੋ ਗਿਆ ਜੋ ਉਹਦੇ ਗਆਂਢ ਆਪਣੇ ਸਾਕ-ਸੰਬੰਧੀਆਂ ਨੂੰ ਮਿਲਣ ਲਈ ਆਇਆ ਹੋਇਆ ਸੀ, ਜਿਹਨੂੰ ਉਹਨੇ ਨਾਲ ਲੈ ਜਾਣ ਲਈ ਰਾਜ਼ੀ ਕਰ ਲਿਆ, ਸੋ ਉਹ 1909-10 ਦੌਰਾਨ ਉਹਦੇ ਨਾਲ ਸ਼ੰਘਾਈ ਪਹੁੰਚ ਕੇ ਉਹਦੇ ਵਾਂਗ ਗੁਰਦੁਆਰੇ ਜਾ ਡੇਰੇ ਲਾਏ ਤੇ ਉਹਦੇ ਵਾਂਗ ਹੀ ਉਹਦੇ ਵਾਲਾ, ਵਾਚਮੈਨੀ (watchman) ਕਰਦਿਆਂ ਜਿੱਥੇ ਜਵਾਲ ਨੇ ਚੀਨੀ ਸਿੱਖ ਲਈ ਵਰਿਆਮ ਨੇ ਅੰਗਰੇਜ਼ੀ।

## (2) ਗ਼ਦਰੀਆਂ ਨਾਲ ਰਲ਼ਣਾ

ਸ਼ੰਘਾਈ ਸ਼ਹਿਰ ਦੁਨੀਆ ਭਰ 'ਚ ਸਨਅਤ ਵਪਾਰ ਤੇ ਸਮੁੰਦਰੀ ਆਵਾਜਾਈ ਦਾ ਕੇਂਦਰ-ਬਿੰਦੂ ਹੋਣ ਦੇ ਨਾਲ-ਨਾਲ ਹੀ ਅਮਰੀਕਾ ਕੈਨੇਡਾ ਤੋਂ ਆਉਂਦੇ-ਜਾਂਦੇ ਭਾਰਤੀਆਂ ਦੀ ਠਾਹਰ ਵੀ ਸੀ, ਜਿਨ੍ਹਾਂ ਨੂੰ ਕੁੱਝ ਕੁ ਦਿਨਾਂ ਲਈ ਉਥੋਂ ਦੇ ਗੁਰਦੁਆਰੇ ਵਿੱਚ ਸਿੱਧੀ ਜਹਾਜ਼ੀ ਸੇਵਾ ਦੀ ਅਣਹੋਂਦ ਵਿੱਚ ਰਹਿਣਾ ਹੀ ਪੈਂਦਾ ਸੀ; ਇਹੋ ਸਬੱਬ ਬਣਿਆ ਜਵਾਲੇ ਅਤੇ ਵਰਿਆਮ ਦੇ ਕੈਨੇਡਾ ਤੋਂ ਕੋਮਾਗਾਟਾ ਮਾਰੂ ਵਾਲੇ ਮਸਾਫ਼ਰਾਂ ਤੇ ਗ਼ਦਰ ਮਚਾਉਣ ਲਈ ਅਮਰੀਕਾ-ਕੈਨੇਡਾ ਤੋਂ ਆ ਰਹੇ ਗ਼ਦਰੀਆਂ ਨਾਲ ਹੀ ਜੋ ਜਜਾਂ ਮੁਤਾਬਕ ਸਤੰਬਰ 1914 ਤੱਕ 6000 ਤੋਂ ਵੀ ਵਧੇਰੇ ਭਾਰਤ ਪਹੁੰਚ ਚੁੱਕੇ ਸਨ, ਜਿਨ੍ਹਾਂ ਚੋਂ ਸਿਰਕੱਢ ਆਗੂ ਨਿਧਾਨ ਸਿੰਘ ਚੁਘਾ ਸੰਗ ਇਹ ਦੋਵੇਂ ਵੀ ਠਿਲ੍ਹ ਪਏ।

ਇਸ ਦੌਰ ਬਾਰੇ ਲਗਭਗ ਸਾਰੇ ਵੇਰਵੇ ਜਵਾਲੇ ਦੇ ਬਤੌਰ ਵਾਦਾ ਮਾਫ ਅਦਾਲਤੀ ਬਿਆਨਾਂ ਚੋਂ ਹੀ ਮਿਲੇ ਹਨ। ਮੁਢ ਬੱਝਦਾ ਹੈ ਗੁਰਦੁਆਰੇ ਦੇ ਗ੍ਰੰਥੀ ਨੂੰ ਬਾਬਾ ਗੁਰਦਿੱਤ ਸਿੰਘ ਵੱਲੋਂ ਸੰਗਤਾਂ ਨੂੰ ਪੜ ਕੇ ਸੁਨਾਉਣ ਲਈ ਇੱਕ ਚਿੱਠੀ ਤੋਂ, ਜਿਸ ਰਾਹੀਂ ਸੰਗਤਾ ਨੂੰ ਕੈਨੇਡਾ ਵਿੱਚ ਕਾਨੂੰਨੀ ਲੜਾਈ ਖਾਤਰ ਮਾਇਆ ਦੀ ਅਪੀਲ ਕੀਤੀ ਗਈ, ਤੇ ਫਿਰ ਪੰਦਰੀ ਦਿਨੀਂ ਇੱਕ ਹੋਰ ਚਿੱਠੀ ਆਈ, ਜਿਸ ਵਿੱਚ ਕੈਨੇਡਾ ਸਰਕਾਰ ਵੱਲੋਂ ਹਿੰਦੀ ਮੁਸਾਫ਼ਰਾਂ ਤੇ ਢਾਹੇ ਜਾ ਰਹੇ ਅਤਿਆਚਾਰਾਂ ਦਾ ਖੁਲਾਸਾ ਕੀਤਾ ਹੋਇਆ ਸੀ।

ਜਵਾਲੇ ਮੁਤਾਬਿਕ, "ਸਾਡੇ ਦੋਹਾਂ ਵਾਂਗ ਕਈਆਂ ਨੇ ਕਮਰ ਕਸੇ ਕਰ ਲਏ ਤੇ ਛੇਤੀ ਮਗਰੋਂ, ਕੋਮਾਗਾਟਾ ਮਾਰੂ ਦੇ ਸ਼ੰਘਾਈ ਪਹੁੰਚਣ ਤੇ ਚੋਰੀ ਛਿਪੇ ਖਿਸਕੇ ਦੋ ਮੁਸਾਫਰਾਂ, ਵੀਰ ਸਿੰਘ ਅਤੇ ਹਰਨਾਮ ਸਿੰਘ

ਨੇ ਪਹੁੰਚ ਕੇ ਸੰਗਤ ਨੂੰ ਬਾਬੇ ਵੱਲੋਂ ਵੰਗਾਰਿਆ ਕਿ ਸਭ ਕੁੱਝ ਛੱਡ ਛੱਡਾ ਕੇ ਗੋਰੀ ਸਰਕਾਰ ਦਾ ਮਲੀਆਮੇਟ ਕਰਨ ਲਈ ਭਾਰਤ ਨੂੰ ਚਾਲੇ ਪਾ ਦਿਉ ਤਾਂ ਫਿਰ ਤਾਂ ਅਸਾਂ ਤੱਤ ਫੱਟ ਕੂਚ ਕਰਨ ਦੀ ਠਾਣ ਲਈ, ਤੇ ਅਸਾਂ ਸਤੰਬਰ 1914 'ਚ ਹੀ ਪਰਮੁੱਖ ਆਗੂ ਨਿਧਾਨ ਸਿੰਘ ਚੁਘਾ ਦੇ ਜਥੇ ਨਾਲ ਦੇਸ਼ ਵੱਲ ਚਾਲੇ ਪਾ ਦਿੱਤੇ।

"ਜਦੋਂ ਸਾਡੇ ਜਹਾਜ਼ ਪੇਨਾਂਗ ਬੰਦਰਗਾਹੀ ਸ਼ਹਿਰ ਅਟਕੇ ਤਾਂ ਉਥੋਂ ਦੇ ਗੁਰਦੁਆਰੇ 'ਚ ਸਤਿਆਂ ਨੂੰ ਮਨੀਲਾ-ਫਿਲਪਾਈਨ ਸ਼ੇਰਨੀ ਗੁਲਾਬ ਕੌਰ ਨੇ ਜੋ ਆਪਣੇ ਪਤੀ ਦੇ ਪਿੱਠ ਮੋੜ ਜਾਣ ਦੇ ਬਾਵਜੂਦ ਮੈਦਾਨ ਵਿੱਚ ਨਿਤਰੀ ਸੀ, ਥੋੜ੍ਹ ਦਿਲਿਆਂ ਨੂੰ ਵੰਗਾਰਿਆ ਕਿ ਚੰਗਾ ਹੋਵੇ ਕਿ ਤੁਸੀਂ ਜਨਾਨੀ ਪੁਸ਼ਾਕ ਅਤੇ ਚੂੜੀਆਂ ਪਾ ਲਵੋ, ਨਾਲ ਹੀ "ਗ਼ਦਰ ਦੀ ਗੂੰਜ" ਚੋਂ ਪੜ੍ਹਣਾ ਸ਼ੁਰੂ ਕੀਤਾ -

ਚੰਗਾ ਵਕਤ ਹੈ ਗ਼ਦਰ ਮਚਾਵਣੇ ਦਾ
ਹਿੰਦੋਸਤਾਨੀਓ ਦੇਰੀਆਂ ਲਾਈਆਂ ਕਿਉਂ। .......

"ਬਸ ਫਿਰ ਕੀ ਸੀ, ਸਤੀਆਂ ਨੇ 'ਬੰਦੇ ਮਾਤਰਮ' 'ਬੰਦੇ ਮਾਤਰਮ' ਤੇ ਅਕਾਸ਼ੀ ਗੂੰਜਦੇ ਨਾਹਰਿਆਂ ਦੀ ਝੜੀ ਲਾ ਦਿੱਤੀ ਤੇ ਮੁਰਦਾ ਦਿਲਾਂ 'ਚ ਵੀ ਨਵੀਂ ਰੂਹ ਫੂਕ ਦਿੱਤੀ।"

## (3) **ਗ਼ਦਰੀ ਸਰਗਰਮੀਆਂ ਵਿੱਚ ਭਰਪੂਰ ਸਮੂਲੀਅਤ**

ਜ਼ਾਹਿਰ ਹੈ ਕਿ ਜਿਵੇਂ ਜੱਜਾਂ ਮੁਤਾਬਕ ਸਤੰਬਰ 1914 ਤੀਕ 6000 ਤੋਂ ਵੀ ਵਧੇਰੇ ਵਿਦਰੋਹੀ ਭਾਰਤ ਪਰਤੇ ਸਨ, ਇਸ ਪਿਠ-ਭੂਮੀ ਵਿੱਚ ਤਾਂ ਪ੍ਰਸਿੱਧ ਗ਼ਦਰੀਆਂ ਦੀ ਪੈੜ ਵੀ ਨਹੀਂ ਲਭਦੀ, ਪਰ ਜਿਵੇਂ ਅਦਾਲਤ ਨੇ ਨਿਧਾਨ ਸਿੰਘ ਚੁਘਾ ਨੂੰ ਸਿਰਫ਼ ਸਰਾਭੇ ਤੋਂ ਇਲਾਵਾ ਸਿਰਮੌਰ ਆਗੂ ਕਰਾਰ ਦਿੱਤਾ ਹੋਇਆ ਹੈ, ਉਹਦੇ ਮੋਢੇ ਨਾਲ ਮੋਢਾ ਜੋੜੀ ਰੱਖਿਆ ਜਵਾਲੇ ਨੇ ਆਪਣੀ ਗ੍ਰਿਫਤਾਰੀ 30.11.1914 ਤੀਕ ਤੇ ਵਰਿਆਮ ਨੇ ਧੁਰ ਤੀਕ। ਪਿਛੋਂ ਜਾ ਕੇ ਵਰਿਆਮ ਤਾਂ ਹੋ ਨਿਬੜਿਆ ਪਾਰਟੀ ਦੇ ਕਰਤਾ ਧਰਤਾ ਰਾਸ ਬਿਹਾਰੀ ਬੋਸ ਦਾ ਵਿਸ਼ਵਾਸ ਪਾਤਰ ਜੋ ਮੰਦੇ ਭਾਗੀ 2 ਫਰਵਰੀ 1915 ਰਾਤੀਂ ਚੱਬੇ ਡਾਕੇ 'ਚ ਸ਼ਮੂਲੀਅਤ ਲਈ ਬੋਸ ਕੋਲੋਂ ਹੀ ਵਿਦਾ ਹੋਇਆ ਸੀ।

ਅਦਾਲਤੀ ਰਿਕਾਰਡ ਤੇ ਕੁੱਝ ਛਿਟ-ਪੁਟ ਵੇਰਵਿਆਂ ਅਨੁਸਾਰ ਉਹਦੀ 29-30 ਦੀ ਰਾਤੇ ਝੁਨੀਰ ਡਾਕੇ ਵਿੱਚ ਸ਼ਮੂਲੀਅਤ ਤੇ ਵਾਵਰੋਲੇ ਵਾਂਗ ਢੁਕਵੀ ਥਾਂਈ-ਮੌਜੂਦਗੀ ਬਾਰੇ ਸੰਕੇਤ ਮਿਲਦੇ ਹਨ ਤੇ 30.11.1914 ਨੂੰ ਜਵਾਲੇ ਦੇ ਫੜੇ-ਜਾਣ ਮਗਰੋਂ ਉਹਦੀ ਰਾਸ ਬਿਹਾਰੀ ਤੀਕ ਰਸਾਈ ਦਾ ਖੁਲਾਸਾ ਕੀਤਾ ਗਿਆ ਹੈ।

ਵਰਿਆਮ ਦੀ ਡਾਕਿਆਂ 'ਚ ਸ਼ਮੂਲੀਅਤ ਬਾਰੇ ਉਹਦੇ ਰਹਿਨੁਮਾ ਨਿਧਾਨ ਸਿੰਘ ਵੱਲੋਂ ਗ਼ੈਰ-ਸਰਕਾਰੀ ਸਰੋਤਾਂ ਤੇ ਡਾਕਿਆਂ ਦੀ ਕੱਟਰ ਮੁਖ਼ਾਲਫ਼ਤ ਤਹਿਤ ਜਨਵਰੀ 1915 ਤੀਕ, ਭਾਵ ਰਾਸ ਬਿਹਾਰੀ ਬੋਸ ਦੀ ਪੰਜਾਬ ਆਮਦ ਤੋਂ ਪਹਿਲਾਂ, ਗ਼ਦਰੀਆਂ ਦੀਆਂ ਠਾਹਰਾਂ ਤੇ ਲੰਗਰ ਪਾਣੀ ਲਈ ਥੋੜੀ ਬਹੁਤ ਮਾਇਆ ਪਾਰਟੀ ਨੂੰ ਸਹਿਜ ਹੀ ਮਿਲ ਜਾਂਦੀ ਰਹੀ ਤੇ ਉਕਤ ਨੀਤੀ ਦੀ ਪਾਲਣਾ ਹੁੰਦੀ ਰਹੀ, ਪਰ ਬੋਸ ਦੀ ਆਮਦ ਤੇ ਉਹਦੀ ਰਿਹਾਇਸ਼ ਲਈ ਪਹਿਲਾਂ ਅੰਮ੍ਰਿਤਸਰ ਤੇ ਮਗਰੋਂ ਲਾਹੌਰ ਵਰਗੇ ਵੱਡੇ ਸ਼ਹਿਰਾਂ ਵਿੱਚ ਦੋ-ਦੋ ਤਿੰਨ-ਤਿੰਨ ਮਕਾਨ ਰਾਸ ਬਿਹਾਰੀ ਤੇ ਉਹਦੇ ਬੰਗਾਲੀ ਹਮਰਾਹੀਆਂ ਦੀ 'ਬੰਗਾਲੀਅਤ' ਦੀ ਪਰਦਾਪੋਸ਼ੀ ਖਾਤਰ ਲਾਜ਼ਮੀ ਸਨ, ਲਗਦੇ ਹੱਥ ਰਾਸ ਬਿਹਾਰੀ ਨੇ ਪੰਜਾਬੀਆਂ ਨੂੰ ਪਟੀ ਪੜ੍ਹਾਈ ਕਿ ਬੰਗਾਲੀ ਇਨਕਲਾਬੀ ਵੀ ਤਾਂ ਨਿਤ ਧਨਾਢਾਂ ਤੇ ਡਾਕੇ ਮਾਰਦੇ ਰਹੇ ਨ, ਇੰਜ ਮਿਲੀ ਡਾਕਿਆਂ ਦੀ ਖੁਲ੍ਹ; ਇਹਨਾਂ ਹਾਲਾਤ ਦੇ ਮੱਦੇਨਜ਼ਰ ਨਿਧਾਨ ਸਿੰਘ ਚੁਘਾ ਨੂੰ ਦੜ੍ਹ ਵੱਟਣੀ ਪਈ ਸੀ।

## (4) 2-3 **ਫਰਵਰੀ 1915 ਨੂੰ ਚੱਬੇ ਡਾਕੇ ਦੌਰਾਨ 'ਅਪਣਿਆਂ' ਹੱਥੀ ਅੰਤ**

ਇਹ ਡਾਕਾ ਗ਼ਦਰ ਪਾਰਟੀ ਤੇ ਲਹਿਰ ਲਈ ਖ਼ੁਦਕੁਸ਼ੀ ਤੁਲ ਸਿੱਧ ਹੋਇਆ ਚੂੰਕਿ ਪਾਰਟੀ ਨੀਤੀ ਦੀ ਘੋਰ ਉਲੰਘਣਾ ਕਰਦਿਆਂ ਡਾਕੇ ਦੇ ਸ਼ਿਕਾਰ ਸਾਹੂਕਾਰ ਦੀ ਜਾਣ ਬੁਝ ਕੇ ਹੱਤਿਆ ਕੀਤੀ ਗਈ ਤੇ ਪਿੰਡ ਵਾਲਿਆਂ ਦੀ ਵਾਹਰ ਨਾਲ ਭਿੜਦਿਆਂ ਅਪਣਿਆਂ ਦੇ ਬੰਬ ਧੜਾਕੇ ਨਾਲ ਹਲਾਕਤ, ਮਿਰਤਕ ਦੇਹ ਦੀ ਫੋਟੋ ਮੌਕੇ ਤੇ ਵਾਹਰ ਵਲੋਂ ਫੜੇ ਗਏ ਦੋਸ਼ੀ ਕਾਲਾ ਸਿੰਘ ਲੋਹਾਰ ਰਾਹੀਂ ਪੁਲਿਸ ਵੱਲੋਂ ਵਰਿਆਮ ਦਾ ਅਤਾ-ਪਤਾ ਲੈਂਦੇ ਸਾਰ ਹੀ 6-7 ਫਰਵਰੀ 1915 ਨੂੰ ਉਹਦੀ ਮਾਤਾ ਇੰਦਾਂ ਤੇ ਪਿੰਡ ਦੇ ਨੰਬਰਦਾਰ ਪਰਤਾਪ ਸਿੰਘ ਨੂੰ ਉਕਤ ਫੋਟ ਦਿਖਾਕ ਤਾਈਦ...

**ਸ਼ਹੀਦਾਂ ਦੇ ਬੋਲ**

ਮੰਨਿਆ ਕੁਝ ਵੀ ਨਹੀਂ ਬਾਕੀ ਰਿਹਾ,
ਸਾਡੀਆਂ ਨਿਰਜਿੰਦ ਹੱਡੀਆਂ ਦੇ ਸਿਵਾ।

ਫੇਰ ਵੀ ਸਾਡੀ ਤੁਹਾਡੀ ਸਾਂਝ ਹੈ,
ਮੌਤ ਪਿਛੋਂ ਵੀ ਤੁਹਾਡੇ ਹਾਂ ਅਸੀਂ।

ਤੁਸਾਂ ਸਾਡੀ ਮੌਤ ਦਾ ਮੁੱਲ ਪਾਵਣੈ,
ਤੇ ਤੁਸਾਂ ਕਰਨਾ ਏ ਹੁਣ ਇਹ ਫੈਸਲਾ।

ਕਿਸ ਲਈ ਜਾਨਾਂ ਅਸਾਂ ਸਨ ਵਾਰੀਆਂ,
ਕਿਉਂ ਅਸੀਂ ਜੀਵਨ ਨੂੰ ਆਖੀ ਅਲਵਿਦਾ?

ਜਿਤ ਲਈ, ਜੀਵਨ ਜਾਂ ਅਜ਼ਾਦੀ ਲਈ?
ਜਾਂ ਅਸੀਂ ਐਵੇਂ ਮਰੇ ਸਾਂ ਬੇ-ਵਜ੍ਹਾ!

ਸਮੇਂ ਦੇ ਹੋਠਾਂ ਦੀ ਫਰਕਣ ਹੋ ਤੁਸੀਂ,
ਅਸੀਂ ਤੇ ਨਿਰਸ਼ਬਦ ਬੇਆਵਾਜ਼ ਹਾਂ।

ਫੇਰ ਵੀ ਕਾਲੀ ਤੇ ਬੋਲ਼ੀ ਰਾਤ ਨੂੰ
ਵਕਤ ਹੁੰਦਾ ਏ ਜਦੋਂ ਗੁੰਮ-ਸੁੰਮ ਜਿਹਾ,

ਘੜੀ ਦੀ ਟਿਕ ਟਿਕ ਜਦੋਂ ਹੈ ਗੂੰਜਦੀ,
ਅਸੀਂ ਇਹ ਪੈਗ਼ਾਮ ਦੇਂਦੇ ਹਾਂ ਸਦਾ —

ਯਾਦ ਸਾਡੀ ਨੂੰ ਤੁਸਾਂ ਹੀ ਸਾਂਭਣੈ,
ਤੇ ਸਦਾ ਸਾਡੀ ਰੂਹ ਨੂੰ ਜੀਉਂਦੇ ਰੱਖਣੈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com

-------